ਨੰਬਰ: 1821/ਅਜੰਡਾ ਮਿਤੀ: 30.8..2013

ਵਿਸ਼ਾ:- **ਵਿੱਤ ਅਤੇ ਠੇਕਾ ਕਮੇਟੀ ਦੀ ਮੁਲਤਵੀਸੁਦਾ ਮੀਟਿੰਗ ਸਬੰਧੀ।**

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਅਨੁਸਾਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ **26.8.2013** ਨੂੰ ਸਮਾਂ **ਬਾਅਦ ਦੁਪਹਿਰ 3:30 ਵਜੇ** ਮਾਨਯੋਗ ਮੇਅਰ ਜੀ ਦੇ ਦਫਤਰ, ਨਗਰ ਨਿਗਮ ਜਲੰਧਰ ਵਿਖੇ ਹੋਣੀ ਨਿਸ਼ਚਿਤ ਕੀਤੀ ਗਈ ਸੀ ਜ਼ੋ ਕਿ ਮੁਲਤਵੀ ਕਰ ਦਿੱਤੀ ਗਈ ਸੀ । ਹੁਣ ਇਹ ਮੁਲਤਵੀਸੁਦਾ ਮੀਟਿੰਗ ਮਿਤੀ 4.9.2013 ਨੂੰ ਸਮਾਂ **ਬਾਅਦ ਦੁਪਹਿਰ 3:30 ਵਜੇ** ਮਾਨਯੋਗ ਮੇਅਰ ਜੀ ਦੇ ਦਫਤਰ, ਨਗਰ ਨਿਗਮ ਜਲੰਧਰ ਵਿਖੇ ਹੋਣੀ ਨਿਸ਼ਚਿਤ ਕੀਤੀ ਗਈ ਹੈ ।ਮੀਟਿੰਗ ਦਾ ਅਜੰਡਾ (ਜਿਸ ਵਿਚ ਮੱਦ ਨੰ: 368 ਤੋਂ 437 ਤੱਕ) ਜ਼ੋ ਆਪ ਜੀ ਨੂੰ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ । ਉਸ ਅਜੰਡੇ ਤੋਂ ਇਲਾਵਾ ਸਪਲੀਮੈਂਟਰੀ ਅਜੰਡਾ ( ਜਿਸ ਵਿੱਚ ਮੱਦ ਨੰ: 438 ਤੋਂ 446 ਤੱਕ) ਆਪ ਜੀ ਨੂੰ ਭੇਜਿਆ ਜਾ ਰਿਹਾ ਹੈ ।

ਉਕਤ ਮੀਟਿੰਗ ਵਿਚ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

1. ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨੀਅਰ ਡਿਪਟੀ ਮੇਅਰ, ਮੈਂਬਰ
2. ਸ੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ, ਮੈਂਬਰ
3. ਸ੍ਰੀ ਰਵੀ ਮਹਿੰਦਰੂ, ਕੌਂਸਲਰ, ਮੈਂਬਰ
4. ਸ੍ਰੀ ਭਗਵੰਤ ਰਾਏ ਪ੍ਰਭਾਕਰ, ਕੌਂਸਲਰ, ਮੈਬਰ

ਅਜੰਡਾ ਸੁਪਰਡੰਟ
ਨਗਰ ਨਿਗਮ, ਜਲੰਧਰ

ਪਿੱਠ ਅੰਕਣ ਨੰ: 1822/ਅਜੰਡਾ ਮਿਤੀ: 30.8.2013

ਉਪਰੋਕਤ ਦਾ ਇਕ ਉਤਾਰਾ ਮਾਨਯੋਗ ਮੇਅਰ/ਕਮਿਸ਼ਨਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ
ਨਗਰ ਨਿਗਮ, ਜਲੰਧਰ

ਪਿੱਠ ਅੰਕਣ ਨੰ: 1823/ਅਜੰਡਾ ਮਿਤੀ: 30.8..2013

ਉਪਰੋਕਤ ਦਾ ਇਕ ਉਤਾਰਾ :-

1 ਸੰਯੁਕਤ ਕਮਿਸ਼ਨਰ
2 ਵਧੀਕ ਕਮਿਸ਼ਨਰ (ਟੀ.) (ਬੀ.ਐਂਡ ਆਰ)
3 ਵਧੀਕ ਕਮਿਸ਼ਨਰ (ਟੀ.) (ਓ.ਐਂਡ ਐਮ)
4 ਸਹਾਇਕ ਕਮਿਸ਼ਨਰ (ਟੀ.) 1,2,3 ,4,5,6 (ਬੀ.ਐਂਡ ਆਰ.)
5 ਸਹਾਇਕ ਕਮਿਸ਼ਨਰ (ਟੀ) 1,2, 3 (ਓ.ਐਂਡ ਐਮ)
6 ਉਪ ਸੰਚਾਲਕ (ਵਿੱਤ ਅਤੇ ਲੇਖਾ)

ਨੂੰ ਉਪਰੋਕਤ ਮੀਟਿੰਗ ਵਿਚ ਸ਼ਾਮਲ ਹੋਣ ਹਿੱਤ ਭੇਜਿਆ ਜਾਂਦਾ ਹੈ ਜੀ।

ਅਜੰਡਾ ਸੁਪਰਡੰਟ
ਨਗਰ ਨਿਗਮ, ਜਲੰਧਰ

ਮਤਾ ਨੰ: 438

ਵਿਸ਼ਾ:- ਵਿੱਤ ਅਤੇ ਠੇਕਾ ਕਮੇਟੀ ਦੀ ਕਾਰਵਾਈ ਦੀ ਮੰਜ਼ੂਰੀ ਸਰਕਾਰ ਤੋਂ ਨਾ ਲੈਣ ਬਾਰੇ ।

ਤਜਵੀਜ ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨੀਅਰ ਡਿਪਟੀ ਮੇਅਰ ਜਿਸ ਦੀ ਪੁਸ਼ਟੀ ਸ੍ਰੀ ਭਗਵੰਤ ਰਾਏ ਪ੍ਰਭਾਕਰ, ਮੈਂਬਰ ਵਿੱਤ ਅਤੇ ਠੇਕਾ ਕਮੇਟੀ ਨੇ ਕੀਤੀ ਹੈ ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 69 ਤਹਿਤ ਇਹ ਉਪਬੰਧ ਹੈ ਕਿ ਜ਼ੋ ਨਗਰ ਨਿਗਮ ਹਾਊਸ ਵਲੋਂ ਕਾਰਵਾਈ ਕੀਤੀ ਜਾਂਦੀ ਹੈ, ਉਸ ਦੀ ਕਾਪੀ ਟੂਕ ਤਿੰਨ ਦਿਨਾਂ ਵਿਚ ਸਰਕਾਰ ਨੂੰ ਭੇਜੀ ਜਾਵੇ ਪਰੰਤੂ ਇਸ ਧਾਰਾ ਤਹਿਤ ਅਜਿਹਾ ਕੋਈ ਉਪਬੰਧ ਨਹੀਂ ਹੈ ਜਿਸ ਤਹਿਤ ਵਿੱਤ ਅਤੇ ਠੇਕਾ ਕਮੇਟੀ ਦੀ ਕਾਰਵਾਈ ਸਰਕਾਰ ਨੂੰ ਭੇਜਣ ਉਪਰੰਤ ਸਰਕਾਰ ਦੀ ਮੰਜ਼ੂਰੀ ਪ੍ਰਾਪਤ ਕੀਤੀ ਜਾਵੇ। ਇਸ ਤੋਂ ਇਲਾਵਾ ਐਕਟ ਦੀ ਧਾਰਾ 422 ਅਤੇ 423 ਵਿਚ ਵੀ ਜ਼ੋ ਸਰਕਾਰ ਨੂੰ ਨਗਰ ਨਿਗਮ ਦੀ ਕਿਸੇ ਕਾਰਵਾਈ ਸਬੰਧੀ ਮਤੇ ਨੂੰ ਮੁਅੱਤਲ / ਰੱਦ ਕਰਨ ਦਾ ਅਖਤਿਆਰ ਹੈ ਉਸ ਵਿਚ ਵੀ ਨਗਰ ਨਿਗਮ ਵਲੋਂ ਪਾਸ ਕੀਤੇ ਮਤਿਆਂ ਦਾ ਉਲੇਖ ਹੈ ਨਾ ਕਿ ਕਿਸੇ ਹੋਰ ਕਮੇਟੀ ਦੀ ਕਾਰਵਾਈ ਨੂੰ ਮੁਅੱਤਲ / ਰੱਦ ਕਰਨ ਬਾਰੇ ।

ਵਿੱਤ ਅਤੇ ਠੇਕਾ ਕਮੇਟੀ ਵਲੋਂ ਮੁੱਖ ਤੌਰ ਤੇ ਜ਼ੋ ਤਖਮੀਨੇ ਨਗਰ ਨਿਗਮ ਹਾਊਸ ਅਤੇ ਸਰਕਾਰ ਵਲੋਂ ਪਾਸ ਕੀਤੇ ਜਾਂਦੇ ਹਨ, ਉਹਨਾਂ ਵਿਰੁੱਧ ਆਏ ਟੈਂਡਰਾਂ ਨੂੰ ਮੰਜ਼ੂਰ ਕਰਨ ਦਾ ਅਖਤਿਆਰ ਪੰਜਾਬ ਮਿਉਂਸਪਲ ਅਕਾਊਂਟਸ ਕੋਡ, 1930 ਦੇ ਚੈਪਟਰ 13 ਵਿਚ ਬਿਨਾ ਕਿਸੇ ਰੋਕ ਟੋਕ ਦੇ ਹੈ। ਇਸ ਲਈ ਵਿੱਤ ਅਤੇ ਠੇਕਾ ਕਮੇਟੀ ਵਲੋਂ ਜ਼ੋ ਕਾਰਵਾਈ ਕੀਤੀ ਜਾਂਦੀ ਹੈ, ਉਸ ਦੀ ਕਾਪੀ ਟੂਕ ਸਰਕਾਰ ਨੂੰ ਭੇਜਣਾ ਅਤੇ ਉਸ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਨਹੀਂ ਹੈ ਪਰੰਤੂ ਅਜਿਹਾ ਕਰਨ ਨਾਲ ਸਬੰਧਤ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕਰਨ ਵਿਚ ਨਾ ਚਾਹੁੰਦੇ ਹੋਏ ਵੀ ਕਾਫੀ ਸਮਾਂ ਲੱਗ ਜਾਂਦਾ ਹੈ ਅਤੇ ਕਈ ਵਾਰੀ ਜਰੂਰੀ ਕੰਮ ਕਰਵਾਉਣ ਵਿਚ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਐਕਟ ਦੀ ਧਾਰਾ 67 ਤਹਿਤ ਵਿੱਤ ਅਤੇ ਠੇਕਾ ਕਮੇਟੀ ਦੀ ਕਾਰਵਾਈ ਨੂੰ ਠੀਕ ਤਰੀਕੇ ਨਾਲ ਤਿਆਰ ਕਰਨ ਦਾ ਉਪਬੰਧ ਹੈ ਜਿਸ ਨੂੰ ਪਹਿਲਾਂ ਹੀ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਇਸ ਲਈ ਆਮ ਜਨਤਾ ਦੀ ਸਹੂਲਤ ਅਤੇ ਨਗਰ ਨਿਗਮ ਦੀ ਕਾਰਜਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜੇਕਰ ਵਿੱਤ ਅਤੇ ਠੇਕਾ ਕਮੇਟੀ ਇਸ ਨਾਲ ਸਹਿਮਤ ਹੋਵੇ ਤਾਂ ਇਹ ਫੈਸਲਾ ਕੀਤਾ ਜਾਵੇ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਕਾਰਵਾਈ ਦੀ ਕਾਪੀ ਟੂਕ ਸਰਕਾਰ ਨੂੰ ਪ੍ਰਵਾਨਗੀ ਲਈ ਨਾ ਭੇਜੀ ਜਾਵੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 26.8.2013 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ ।

ਮਤਾ ਨੰ: 439

ਵਿਸ਼ਾ:- ਕੰਨਸਟਰਕਸ਼ਨ ਆਫ ਡਰੇਨਜ਼ ਐਂਡ ਸਟਰੀਟਸ ਇਨ ਮੁਹੱਲਾ ਕਾਕੀ ਪਿੰਡ ਦੇ ਕੰਮ ਦੀ ਵਿਦਹੈਲਡ ਰਾਸ਼ੀ ਰਲੀਜ਼ ਕਰਨ ਬਾਰੇ।

ਹਵਾਲਾ: ਪ੍ਰਤੀ ਬੇਨਤੀ ਵੱਲੋਂ ਦੀ ਜਗਦੰਬੇ ਕੋ.ਅਪ. ਐਲ.ਸੀ. ਸੁਸਾਇਟੀ ਦੇ ਸਬੰਧ ਵਿੱਚ।

ਪੜ੍ਹਿਆ ਨੋਟ ਸਹਾਇਕ ਕਮਿਸ਼ਨਰ (ਤਕਨੀਕੀ) ਬੀ ਐਂਡ ਆਰ ਮਿਤੀ 16.8.2013 ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਰੁ: 11.99 ਲੱਖ ਦਾ ਇੰਜੀਨਿਅਰਿੰਗ ਬ੍ਰਾਂਚ ਵੱਲੋ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਨੇ ਆਪਣੇ ਮਤਾ ਨੰ: 76(15) ਮਿਤੀ 23-11-2007 ਰਾਹੀਂ ਪ੍ਰਵਾਨ ਕੀਤਾ। ਇਸ ਕੰਮ ਦੇ ਟੈਂਡਰ ਮਿਤੀ 15-07-2008 ਨੂੰ ਅਖਬਾਰਾਂ ਰਾਹੀ ਮੰਗੇ ਗਏ ਸਨ ਅਤੇ ਕੁੱਲ 3 ਟੈਂਡਰ ਪ੍ਰਾਪਤ ਹੋਏ ਸਨ। ਸਭ ਤੋ ਘੱਟ ਰੇਟਾਂ ਦਾ ਟੈਂਡਰ ਦੀ ਜਗਦੰਬੇ ਕੋ.ਅਪ. ਐਲ.ਸੀ. ਸੁਸਾਇਟੀ ਦਾ ਪਾਇਆ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਨੇ ਆਪਣੇ ਮਤਾ ਨੰ: 320 ਮਿਤੀ 12-08-2008 ਰਾਹੀਂ ਰੁ: 12,23,569/- ਦਾ ਪ੍ਰਵਾਨ ਕੀਤਾ। ਇਹ ਕੰਮ ਉਪਰੋਕਤ ਸੁਸਾਇਟੀ ਨੂੰ ਇਸ ਦਫਤਰ ਦੇ ਪੱਤਰ ਨੰ: ਸੀ.ਈ.-1/51 ਮਿਤੀ 11-09-2008 ਰਾਹੀਂ ਅਲਾਟ ਕੀਤਾ ਗਿਆ।

ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਸੁਸਾਇਟੀ ਵੱਲੋ ਮੌਕੇ ਤੇ ਕੰਮ ਮੁਕੰਮਲ ਕਰਨ ਉਪਰੰਤ ਪਹਿਲੇ ਅਤੇ ਅੰਤਿਮ ਬਿੱਲ ਦੀ ਅਦਾਇਗੀ ਜ਼ੋ ਕਿ ਰੁ: 12,75,171/- ਬਣਦੀ ਸੀ, ਦੀ ਮੰਗ ਕੀਤੀ ਗਈ ਜ਼ੋ ਕਿ ਅਸਲ ਤਖਮੀਨੇ ਤੋ 4.21% ਜਿਆਦਾ ਬਣਦੀ ਸੀ। ਕਿਉਕਿ ਮੌਕੇ ਤੇ ਕੁਝ ਬਹੁਤ ਜਰੂਰੀ ਕੰਮ ਕਰਵਾਉਣ ਕਾਰਨ ਕੰਮ ਦੀ ਲਾਗਤ ਵਿੱਚ ਵਾਧਾ ਹੋ ਗਿਆ ਸੀ। ਲੇਖਾ ਸ਼ਾਖਾ ਵੱਲੋ ਬਿੱਲ ਦੀ ਪੜਤਾਲ ਕਰਨ ਉਪਰੰਤ ਰੁ: 12,23,569/- ਦੀ ਅਦਾਇਗੀ ਕਰ ਦਿੱਤੀ ਗਈ ਅਤੇ ਬਾਕੀ ਰਾਸ਼ੀ ਰੁ: 51,602/- ਵਿਦਹੈਲਡ ਕਰ ਲਈ ਗਈ ਹੈ। ਹੁਣ ਸੁਸਾਇਟੀ ਵੱਲੋ ਇਸ ਕੰਮ ਦੇ ਬਿੱਲ ਵਿੱਚੋ ਵਿਦਹੈਲਡ ਕੀਤੀ ਰਾਸ਼ੀ ਰੁ: 51,602/- ਦੀ ਅਦਾਇਗੀ ਦੀ ਮੰਗ ਕੀਤੀ ਹੈ। ਕਿਉ ਜ਼ੋ ਵਿਦਹੈਲਡ ਕੀਤੀ ਰਾਸ਼ੀ ਅਸਲ ਤਖਮੀਨੇ ਦੀ ਰਾਸ਼ੀ ਤੋਂ 25% ਤੱਕ ਦੇ ਵਾਧੇ ਦੇ ਅੰਦਰ ਦੀ ਹੈ, ਇਸ ਲਈ ਇਸ ਕੰਮ ਦੇ ਸੋਧੇ ਹੋਏ ਤਖਮੀਨੇ ਰੁ: 12,75,171/- ਨੂੰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਹੀ ਸਮਰੱਥ ਅਥਾਰਟੀ ਹੈ।

ਕਿਉਂ ਜ਼ੋ ਦੀ ਜਗਦੰਬੇ ਕੋ.ਅਪ. ਐਲ.ਸੀ. ਸੁਸਾਇਟੀ ਵੱਲੋ ਇਸ ਕੰਮ ਦੀ ਬਕਾਇਆ ਰਾਸ਼ੀ ਦੀ ਅਦਾਇਗੀ ਸਬੰਧੀ ਮਾਨਯੋਗ ਹਾਈਕੋਰਟ ਚੰਡੀਗੜ੍ਹ ਵਿਖੇ ਕੰਨਟੈਂਪਟ ਆਫ ਕੋਰਟ ਦੀ ਪਟੀਸ਼ਨ ਦਾਇਰ ਕੀਤੀ ਹੋਈ ਹੈ, ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਇਸ ਕੰਮ ਦਾ ਸੋਧਿਆ ਹੋਇਆ ਤਖਮੀਨਾ ਰੁ: 12,75,171/- ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕਰਨ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ, ਤਾਂ ਜ਼ੋ ਸੁਸਾਇਟੀ ਨੂੰ ਇਸ ਕੰਮ ਦੀ ਬਣਦੀ ਬਕਾਇਆ ਰਾਸ਼ੀ ਦੀ ਅਦਾਇਗੀ ਮਾਨਯੋਗ ਹਾਈਕੋਰਟ ਵਿਖੇ ਚੱਲ ਰਹੇ ਕੇਸ ਦੀ ਸੁਣਵਾਈ ਦੀ ਅਗਲੀ ਮਿਤੀ 31-08-2013 ਤੋ ਪਹਿਲਾਂ ਕੀਤੀ ਜਾ ਸਕੇ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:22.8.13 ਰਾਹੀਂ ਸਹਿਮਤੀ ਪ੍ਰਗਟਾਈ ਹੈ ।ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:22.8.13 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ ।

ਮਤਾ ਨੰ: 440

ਵਿਸ਼ਾ:- ਰੋਜ਼ ਪਾਰਕ ਲਾਜਪੱਤ ਨਗਰ ਵਿਖੇ 12" x 8” ਰਿਗ ਬੋਰ ਟਿਊਬਵੈਲ ਲਗਾਊਣ ਬਾਰੇ।(ਰਿਪਲੇਸਮੈਂਟ) ਵਾਰਡ ਨੰ:34 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 18,15,725/- ਟੈਂਡਰ ਮੰਗੇ ਰੁਪਏ: 18,15,725/-
ਟੈਂਡਰ ਅਮਾਉਂਟ ਰੁਪਏ: 18,15,725/- ਸੇਵਿੰਗ ਨਿਲ
ਅਜੰਸੀ ਦਾ ਨਾਮ:- ਮੈਸਰਜ਼ ਐਚ.ਆਰ.ਐਂਟਰਪ੍ਰਾਇਸਿਜ਼ ਅੰਮ੍ਰਿਤਸਰ

ਉਪਰੋਕਤ ਫੇਲ ਹੋਏ ਟਿਊਬਵੈਲ ਦੀ ਜਗਾ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 18,15,725/- ਤਿਆਰ ਕੀਤਾ ਗਿਆ ਜਿਸ ਦੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 25-04-13 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਮਿਤੀ 10-07-13 ਲਈ ਟੈਂਡਰ ਮੰਗੇ ਗਏ, ਕੁੱਲ 1 ਈ-ਟੈਂਡਰ ਉਪਰੋਕਤ ਅਜੰਸੀ ਦਾ ਪ੍ਰਾਪਤ ਹੋਇਆ। ਇਸ ਅਜੰਸੀ ਨੇ ਤਖਮੀਨੇ ਦੇ ਐਟਪਾਰ ਰੇਟ ਭਰੇ ਹਨ, ਜਿਸ ਅਨੁਸਾਰ ਖਰਚਾ ਵੀ ਤਖਮੀਨਾ ਰੁਪਏ 18,15,725/- ਜਿੰਨਾ ਹੀ ਹੋਣਾ ਹੈ। ਹੁਣ ਇਸ ਕੰਮ ਦੇ ਤਖਮੀਨੇ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ 86(1) ਮਿਤੀ 09-07-13 ਰਾਹੀਂ ਦੇ ਦਿੱਤੀ ਹੈ।

ਸਥਾਨਕ ਸਰਕਾਰ ਦੇ ਪੱਤਰ ਨੰ:5/47/2011/ਰ/74/322 ਮਿਤੀ 22-02-11 ਅਨੁਸਾਰ ਈ-ਟੈਂਡਰ ਰਾਹੀਂ ਮੰਗੀਆਂ ਗਈਆਂ ਪੇਸ਼ਕਸ਼ਾਂ ਸਬੰਧੀ ਜੇਕਰ 3 ਤੋਂ ਘੱਟ ਜਾਂ ਇਕ ਹੀ ਪੇਸ਼ਕਸ਼ ਪ੍ਰਾਪਤ ਹੁੰਦੀ ਹੈ ਅਤੇ ਉਕਤ ਪੇਸ਼ਕਸ਼ ਤਖਮੀਨੇ ਦੀ ਰਾਸ਼ੀ ਦੇ ਅੰਦਰ ਹੈ ਅਤੇ ਟੈਂਡਰ ਪ੍ਰਵਾਨਗੀ ਅਥਾਰਟੀ ਇਹ ਤਸਦੀਕ ਕਰਦੀ ਹੈ ਕਿ ਪੇਸ਼ਕਸ਼ ਤੁਲਨਾਤਮਕ ਅਤੇ ਵਾਜਿਬ ਹੈ ਤਾਂ ਉਕਤ ਪੇਸ਼ਕਸ਼ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

ਸਹਾਇਕ ਕਮਿਸ਼ਨਰ (ਟੀ) ਨੇ ਅਪਣੇ ਨੋਟ ਮਿਤੀ 18-07-13 ਰਾਹੀਂ ਇਸ ਪੱਤਰ ਨੂੰ ਮੁੱਖ ਰੱਖਦੇ ਹੋਏ ਤਸਦੀਕ ਕੀਤਾ ਹੈ ਕਿ ਈ-ਟੈਂਡਰ ਰਾਹੀਂ ਪ੍ਰਾਪਤ ਉਪਰੋਕਤ ਇਕੋ ਪੇਸ਼ਕਸ਼ ਵਾਜਿਬ ਹੈ। ਇਸ ਲਈ ਇਸ ਪੇਸ਼ਕਸ਼ ਨੂੰ ਵਿਚਾਰਣ ਹਿੱਤ ਸਿਫਾਰਿਸ਼ ਕੀਤੀ ਹੈ। ਵਧੀਕ ਕਮਿਸ਼ਨਰ (ਟੀ) ਨੇ ਅਪਣੇ ਨੋਟ ਮਿਤੀ 26-07-13 ਰਾਹੀਂ ਇਹ ਪੇਸ਼ਕਸ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਸਿਫਾਰਿਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 12-08-13 ਰਾਹੀਂ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 23.8.2013 ਅਨੁਸਾਰ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਤਾ ਨੰ: 441

ਵਿਸ਼ਾ:- ਸ਼ਿਵਾ ਜੀ ਪਾਰਕ ਵਿਖੇ 12" x 8" ਰਿਗ ਬੋਰ ਟਿਉਬਵੈਲ ਲਗਾਉਣ ਬਾਰੇ। (ਰਿਪਲੇਸਮੈਂਟ) ਵਾਰਡ ਨੰ: 30 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 17,13,000/- ਟੈਂਡਰ ਮੰਗੇ ਰੁਪਏ: 17,13,000/-
ਟੈਂਡਰ ਅਮਾਉਂਟ ਰੁਪਏ: 16,70,175/- ਸੇਵਿੰਗ 2.5%
ਅਜੰਸੀ ਦਾ ਨਾਮ:- ਸ੍ਰੀ ਵਿਕਾਸ ਧਵਨ ਠੇਕੇਦਾਰ ਜਲੰਧਰ

ਉਪਰੋਕਤ ਵਿਸ਼ੇ ਤੇ ਟਿਉਬਵੈਲ ਲਗਾਉਣ ਲਈ ਤਖਮੀਨਾ ਰੁਪਏ 17,13,000/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 14(3) ਮਿਤੀ 25-03-13 ਰਾਹੀਂ ਦਿੱਤੀ ਸੀ।

ਇਸ ਤਖਮੀਨੇ ਰੁਪਏ 17,13,000/- ਦੇ ਟੈਂਡਰ ਪਹਿਲਾਂ ਇਕ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਮਿਤੀ **10-07-13** ਲਈ ਟੈਂਡਰ ਮੰਗੇ ਗਏ, ਕੁੱਲ 1 ਈ-ਟੈਂਡਰ ਉਪਰੋਕਤ ਅਜੰਸੀ ਦਾ ਪ੍ਰਾਪਤ ਹੋਇਆ। ਜਿਸ ਨੇ ਇਹ ਕੰਮ 2.5% ਦੀ ਸੇਵਿੰਗ ਨਾਲ ਰੁਪਏ 16,70,175/- ਵਿੱਚ ਕਰਨਾ ਹੈ।

ਸਥਾਨਕ ਸਰਕਾਰ ਦੇ ਪੱਤਰ ਨੰ:5/47/2011/ਰ/74/322 ਮਿਤੀ 22-02-11 ਅਨੁਸਾਰ ਈ-ਟੈਂਡਰ ਰਾਹੀਂ ਮੰਗੀਆਂ ਗਈਆਂ ਪੇਸ਼ਕਸ਼ਾਂ ਸਬੰਧੀ ਜੇਕਰ 3 ਤੋਂ ਘੱਟ ਜਾਂ ਇਕ ਹੀ ਪੇਸ਼ਕਸ਼ ਪ੍ਰਾਪਤ ਹੁੰਦੀ ਹੈ ਅਤੇ ਉਕਤ ਪੇਸ਼ਕਸ਼ ਤਖਮੀਨੇ ਦੀ ਰਾਸ਼ੀ ਦੇ ਅੰਦਰ ਹੈ ਅਤੇ ਟੈਂਡਰ ਪ੍ਰਵਾਨਗੀ ਅਥਾਰਟੀ ਇਹ ਤਸਦੀਕ ਕਰਦੀ ਹੈ ਕਿ ਪੇਸ਼ਕਸ਼ ਤੁਲਨਾਤਮਕ ਅਤੇ ਵਾਜਿਬ ਹੈ ਤਾਂ ਉਕਤ ਪੇਸ਼ਕਸ਼ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

ਸਹਾਇਕ ਕਮਿਸ਼ਨਰ (ਟੀ) ਨੇ ਅਪਣੇ ਨੋਟ ਮਿਤੀ 18-07-13 ਰਾਹੀਂ ਇਸ ਪੱਤਰ ਨੂੰ ਮੁੱਖ ਰੱਖਦੇ ਹੋਏ ਤਸਦੀਕ ਕੀਤਾ ਹੈ ਕਿ ਈ-ਟੈਂਡਰ ਰਾਹੀਂ ਪ੍ਰਾਪਤ ਉਪਰੋਕਤ ਇਕੋ ਪੇਸ਼ਕਸ਼ ਵਾਜਿਬ ਹੈ। ਇਸ ਲਈ ਇਸ ਪੇਸ਼ਕਸ਼ ਨੂੰ ਵਿਚਾਰਣ ਹਿੱਤ ਸਿਫਾਰਿਸ਼ ਕੀਤੀ ਹੈ। ਵਧੀਕ ਕਮਿਸ਼ਨਰ (ਟੀ) ਨੇ ਅਪਣੇ ਨੋਟ ਮਿਤੀ 26-07-13 ਰਾਹੀਂ ਇਹ ਪੇਸ਼ਕਸ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਸਿਫਾਰਿਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 12-08-13 ਰਾਹੀਂ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਅਨੁਸਾਰ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਤਾ ਨੰ: 442

ਵਿਸ਼ਾ:- ਕਪੂਰਥਲਾ ਚੌਕ ਨਿਅਰ ਆਦਰਸ਼ ਪੈਲਸ ਵਿਖੇ 8" ਸਟਰੇਟ ਹੈਡ ਬੋਰ ਟਿਊਬਵੈਲ ਲਗਾਉਣ ਬਾਰੇ। (ਰਿਪਲੇਸਮੈਂਟ) ਵਾਰਡ ਨੰ:24 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 14,00,725/-
ਟੈਂਡਰ ਮੰਗੇ ਰੁਪਏ: 13,50,725/- (ਬਿਜਲੀ ਕੁਨੈਕਸ਼ਨ ਦੇ 50,000/- ਰਾਖਵੇ ਹਨ)
ਟੈਂਡਰ ਅਮਾਉਂਟ ਰੁਪਏ: 11,48,116/- ਸੇਵਿੰਗ 15%
ਅਜੰਸੀ ਦਾ ਨਾਮ:- ਮੈਸਰਜ਼ ਹਰਪ੍ਰੀਤ ਸਿੰਘ ਐਂਡ ਕੰਪਨੀ ਲੁਧਿਆਣਾ

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 14,00,725/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 77(47) ਮਿਤੀ 31-08-12 ਰਾਹੀਂ ਦਿੱਤੀ ਸੀ।

ਇਸ ਤਖਮੀਨੇ ਵਿੱਚੋ ਰੁਪਏ 50,000/- ਬਿਜਲੀ ਕੁਨੈਕਸ਼ਨ ਦੇ ਰਾਖਵੇ ਰੱਖ ਕੇ ਬਾਕੀ ਰੁਪਏ 13,50,725/- ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਮਿਤੀ **10-07-13** ਲਈ ਟੈਂਡਰ ਮੰਗੇ ਗਏ, ਕੁੱਲ 1 ਈ-ਟੈਂਡਰ ਉਪਰੋਕਤ ਅਜੰਸੀ ਦਾ ਪ੍ਰਾਪਤ ਹੋਇਆ। ਜਿਸ ਨੇ ਇਹ ਕੰਮ 15% ਦੀ ਸੇਵਿੰਗ ਨਾਲ ਰੁਪਏ 11,48,116/- ਵਿੱਚ ਕਰਨਾ ਹੈ।

ਸਥਾਨਕ ਸਰਕਾਰ ਦੇ ਪੱਤਰ ਨੰ:5/47/2011/ਰ/74/322 ਮਿਤੀ 22-02-11 ਅਨੁਸਾਰ ਈ-ਟੈਂਡਰ ਰਾਹੀਂ ਮੰਗੀਆਂ ਗਈਆਂ ਪੇਸ਼ਕਸ਼ਾਂ ਸਬੰਧੀ ਜੇਕਰ 3 ਤੋਂ ਘੱਟ ਜਾਂ ਇਕ ਹੀ ਪੇਸ਼ਕਸ਼ ਪ੍ਰਾਪਤ ਹੁੰਦੀ ਹੈ ਅਤੇ ਉਕਤ ਪੇਸ਼ਕਸ਼ ਤਖਮੀਨੇ ਦੀ ਰਾਸ਼ੀ ਦੇ ਅੰਦਰ ਹੈ ਅਤੇ ਟੈਂਡਰ ਪ੍ਰਵਾਨਗੀ ਅਥਾਰਟੀ ਇਹ ਤਸਦੀਕ ਕਰਦੀ ਹੈ ਕਿ ਪੇਸ਼ਕਸ਼ ਤੁਲਨਾਤਮਕ ਅਤੇ ਵਾਜਿਬ ਹੈ ਤਾਂ ਉਕਤ ਪੇਸ਼ਕਸ਼ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

ਸਹਾਇਕ ਕਮਿਸ਼ਨਰ (ਟੀ) ਨੇ ਅਪਣੇ ਨੋਟ ਮਿਤੀ 18-07-13 ਰਾਹੀਂ ਇਸ ਪੱਤਰ ਨੂੰ ਮੁੱਖ ਰੱਖਦੇ ਹੋਏ ਤਸਦੀਕ ਕੀਤਾ ਹੈ ਕਿ ਈ-ਟੈਂਡਰ ਰਾਹੀਂ ਪ੍ਰਾਪਤ ਉਪਰੋਕਤ ਇਕੋ ਪੇਸ਼ਕਸ਼ ਵਾਜਿਬ ਹੈ। ਇਸ ਲਈ ਇਸ ਪੇਸ਼ਕਸ਼ ਨੂੰ ਵਿਚਾਰਨ ਹਿੱਤ ਸਿਫਾਰਿਸ਼ ਕੀਤੀ ਹੈ। ਵਧੀਕ ਕਮਿਸ਼ਨਰ (ਟੀ) ਨੇ ਅਪਣੇ ਨੋਟ ਮਿਤੀ 26-07-13 ਰਾਹੀਂ ਇਹ ਪੇਸ਼ਕਸ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਸਿਫਾਰਿਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 12-08-13 ਰਾਹੀਂ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਅਨੁਸਾਰ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਤਾ ਨੰ: 443

ਵਿਸ਼ਾ:- ਐਨੂਅਲ ਐਸਟੀਮੇਟ ਫਾਰ ਰੀਵਾਇਡਿੰਗ ਐਂਡ ਮਕੈਨੀਕਲ ਰਿਪੇਅਰ ਆਫ ਸਬਮਰਸੀਬਲ ਮੋਟਰ ਐਂਡ ਪੰਪ ਆਫ ਡਿਫਰੈਂਟ ਐਚ.ਪੀ. (ਟੈਂਡਰ ਪ੍ਰਵਾਨਗੀ ਹਿੱਤ)

ਅਸਲ ਤਖਮੀਨਾ ਰੁਪਏ: 6,42,000/- ਟੈਂਡਰ ਅਮਾਊਂਟ ਰੁਪਏ: 6,22,740/-
ਫਰਮ ਦਾ ਨਾਂ: ਮੈਸਰਜ ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ ਸੇਵਿੰਗ : 3%

ਪੜ੍ਹਿਆ ਨੋਟ ਸਹਾਇਕ ਕਮਿਸ਼ਨਰ (ਤਕਨੀਕੀ) ਕਿ ਉਪਰੋਕਤ ਵਿਸ਼ੇ ਅਧੀਨ ਕੰਮ ਕਰਾਉਣ ਲਈ ਨਗਰ ਨਿਗਮ ਨੇ ਹਾਊਸ ਦੇ ਮਤਾ ਨੰ: 93 ਮਿਤੀ 31-08-12 ਰਾਂਹੀ ਤਖਮੀਨਾ ਰੁਪਏ 6,42,000/- ਦੀ ਪ੍ਰਵਾਨਗੀ ਦਿੱਤੀ ਗਈ। ਇਸ ਕੰਮ ਦੇ ਟੈਂਡਰ ਮਿਤੀ 17-18/06/2013 ਨੂੰ ਅਖਬਾਰਾਂ ਰਾਹੀ ਮੰਗੇ ਗਏ। ਕੁੱਲ 3 ਟੈਂਡਰ ਵਸੂਲ ਹੋਏ। ਜਿਨ੍ਹਾਂ ਦੀ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਉਕਤ ਠੇਕੇਦਾਰ ਦਾ ਰੇਟ ਘੱਟ ਬਣਦਾ ਹੈ।ਇਸ ਲਈ ਟੈਂਡਰ ਉਪਰੋਕਤ ਠੇਕੇਦਾਰ ਦਾ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਵਧੀਕ ਕਮਿਸ਼ਨਰ(ਤਕਨੀਕੀ) ਨੇ ਅਪਣੇ ਨੋਟ ਮਿਤੀ 26-06-13 ਰਾਹੀਂ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਹਿੱਤ ਹਸਤਾਖਰ ਕੀਤੇ ਹਨ।ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 26-06-13 ਰਾਹੀਂ ਉਪਰੋਕਤ ਕੇਸ ਵਿਚਾਰਣ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01-07-13 ਅਨੁਸਾਰ ਇਹ ਕੇਸ ਇਨਐਂਟੀਸਿਪੇਸ਼ਨ ਅਪਰੂਵਲ ਆਫ ਵਿੱਤ ਅਤੇ ਠੇਕਾ ਕਮੇਟੀ ਪ੍ਰਵਾਨਗੀ ਦਿੱਤੀ ਹੈ।

ਕੇਸ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਪੇਸ਼ ਹੈ ਜੀ।

ਮਤਾ ਨੰ: 444

ਵਿਸ਼ਾ;- ਜ਼ੋਨ ਨੰਬਰ 2 ਦੇ ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਸਬੰਧੀ ਦਿੱਤੇ ਗਏ ਟੈਂਡਰਾਂ (ਪਾਰਟ 2) ਸਬੰਧੀ।

ਤਖਮੀਨਾਂ ਰੁਪਏ : 16,13,517/-
ਸੋਧਿਆ ਤਖਮੀਨਾ ਰੁਪਏ : 17,69,134/-
ਟੈਂਡਰ ਅਮਾਉਟ ਰੁਪਏ : 8,06,976/-
ਅਜੰਸੀ ਦਾ ਨਾਂ : ਮੈਸਰਜ ਸੋਰਵ ਮਹਿਤਾ, ਠੇਕੇਦਾਰ।

ਮੁੱਖ ਸਕੱਤਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਜੋ ਕਿ ਸਥਾਨਕ ਸਰਕਾਰ ਨੇ ਪਿੱਠ ਅੰਕਣ ਪੱਤਰ ਨੰ: 1/12/2011-2ਸਸ4/2157 ਮਿਤੀ 11-08-11 ਰਾਹੀਂ ਜਾਰੀ ਕੀਤੀਆਂ ਹਨ, ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਪੰਜਾਬ ਸਰਕਾਰ ਦੇ ਕਿਰਤ ਵਿਭਾਗ ਵੱਲੋ ਸਮੇਂ-ਸਮੇਂ ਸਿਰ ਪ੍ਰਵਾਨਿਤ ਮਿਨੀਮਮ ਵੇਜਿਜ ਅਨੁਸਾਰ ਤਿਆਰ ਕੀਤਾ ਗਿਆ ਸੀ।ਵਿਸ ਵਿਚ ਈ.ਪੀ.ਐਫ., ਈ.ਐਸ.ਆਈ ਅਤੇ ਸਰਵਿਸ ਟੈਕਸ ਦਾ ਵੀ ਉਪਬੰਧ ਕੀਤਾ ਗਿਆ ਸੀ।ਇਸ ਤਖਮੀਨੇ ਵਿਚ ਕਿਰਤ ਵਿਭਾਗ ਵੱਲੋ ਮੋਜੂਦਾ ਪ੍ਰਵਾਨਿਤ ਰੇਟ ਲਗਾਏ ਗਏ ਸਨ ਅਤੇ ਜੇਕਰ ਠੇਕੇ ਦੇ ਦੋਰਾਣ ਸਰਕਾਰ ਵੱਲੋ ਕਿਸੇ ਕਿਸਮ ਦੇ ਕੋਈ ਰੇਟ ਰਿਵਾਇਜ ਕੀਤੇ ਜਾਂਦੇ ਹਨ ਤਾਂ ਉਹ ਅਦਾ ਕਰਨ ਯੋਗ ਹੋਣਗੇ।ਇਸ ਤਖਮੀਨੇ ਵਿੱਚ ਟਿਊਬਵੈਲਾਂ ਨੂੰ ਚਲਾਉਣ ਤੋ ਇਲਾਵਾ ਮੋਟਰ ਆਦਿ ਰਿਵਾਇੰਡ ਕਰਨ ਅਤੇ ਟਿਊਬਵੈਲਾਂ ਤੇ ਟਾਇਮ ਸਵਿਚ ਲਗਾਉਣ ਦਾ ਵੀ ਉਪਬੰਧ ਕੀਤਾ ਗਿਆ ਹੈ।

ਨਗਰ ਨਿਗਮ ਨੇ ਅਪਣੇ ਮਤਾ ਨੰ: 79(18) ਮਿਤੀ 31-08-12 ਰਾਹੀਂ ਇਸ ਤਖਮੀਨੇ ਦੀ ਉਪਰੋਕਤ ਅਨੁਸਾਰ ਪ੍ਰਵਾਨਗੀ ਦਿੱਤੀ।ਕਿਰਤ ਵਿਭਾਗ ਵੱਲੋ ਪੱਤਰ ਨੰ: 19773 ਮਿਤੀ 14-09-12 ਰਾਹੀਂ ਮਿਨੀਅਮ ਵੇਜਿਜ ਵੱਧਾ ਦਿੱਤੀਆਂ ਗਈਆਂ, ਜਿਸ ਅਨੁਸਾਰ ਸੋਧਿਆ ਤਖਮੀਨਾ ਰੁਪਏ 17,69,134/- ਤਿਆਰ ਕੀਤਾ ਗਿਆ ਅਤੇ ਸੋਧੇ ਹੋਏ ਤਖਮੀਨੇ ਅਨੁਸਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ ਟੈਡਰਿੰਗ ਰਾਹੀਂ ਮਿਤੀ 30-01-13 ਲਈ ਮੰਗੇ ਗਏ ਸਨ ਅਤੇ ਬਾਅਦ ਵਿਚ ਟੈਂਡਰ ਕੋਰੀ ਜੰਡਮ ਰਾਹੀਂ ਵਧਾ ਕੇ ਮਿਤੀ 20-02-13 ਕਰ ਦਿੱਤੀ ਗਈ।

ਇਸ ਤਖਮੀਨੇ ਅਧੀਨ ਟੈਂਡਰ ਵੱਖਰੇ ਵੱਖਰੇ ਕੰਮਾਂ ਦੇ ਹਿਸਾਬ ਨਾਲ ਤਿੰਨ ਹਿਸਿਆ ਵਿੱਚ ਪਾਰਟ ਏ ਬੀ ਅਤੇ ਸੀ ਲਈ ਮੰਗੇ ਗਏ ਸਨ।ਟਿਊਬਵੈਲ ਓਪਰੇਸ਼ਨ ਅਤੇ ਮੇਨਟੀਨੈਂਸ ਦੇ ਕੰਮਾਂ ਵਿਚ ਅਲਾਟਮੈਂਟ ਵੇਲੇ ਇਕਸਾਰਤਾ ਰੱਖਣ ਲਈ ਸਟਰੀਟ ਲਾਈਟ ਰੱਖ ਰਖਾਵ ਦੀ ਅਲਾਟਮੈਂਟ ਦੀ ਤਰ੍ਹਾਂ ਹੀ ਐਨ.ਆਈ.ਟੀ ਵਿਚ ਇਹ ਸ਼ਰਤ ਰੱਖੀ ਗਈ ਸੀ ਕਿ ਪ੍ਰਾਪਤ ਟੈਂਡਰਾਂ ਵਿਚੋ ਸਟਾਰ ਰੇਟ ਕੈਲੁਕਲੇਟ ਕਰਕੇ ਸਾਰੇ ਜ਼ੋਨਾਂ ਦੇ ਸਾਰੇ ਗਰੁਪਾਂ ਦੇ ਕੰਮ ਇਕ ਰੇਟ ਹੀ ਅਲਾਟ ਕੀਤੇ ਜਾਣਗੇ।

ਮੁੱਖ ਸਕੱਤਰ ਪੰਜਾਬ ਸਰਕਾਰ ਦੀਆਂ ਆਊਟ ਸੋਰਸ ਰਾਹੀਂ ਠੇਕੇ ਤੇ ਰੱਖੇ ਜਾਣ ਵਾਲੇ ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਦੀਆਂ ਹਦਾਇਤਾਂ ਨੂੰ ਮੁੱਖ ਰਖਦੇ ਹੋਏ ਪਾਰਟ ਏ ਵਿਚ ਨਗਰ ਨਿਗਮ ਵੱਲੋ ਤਿਆਰ ਕੀਤੇ ਅਨੈਲਿਸਿਜ਼ ਅਨੁਸਾਰ ਮਿਨੀਮਮ ਵੇਜਿਜ਼ ਆਦਿ ਤੇ 10% ਕੰਨਟਰੈਕਟਰ ਪ੍ਰੋਫਿਟ ਜੋੜ ਕੇ ਸਿਰਫ ਕੰਟਰੈਕਟਰ ਪ੍ਰੋਫਿਟ 10% ਵਿਚੋ ਹੀ ਟੈਂਡਰ ਵਿਚ ਡਿਸਕਾਊਂਟ ਮੰਗੀਆ ਗਿਆ ਸੀ ਅਤੇ ਇਹ ਵੀ ਲਿਖਿਆ ਗਿਆ ਸੀ ਕਿ ਇਸ ਪਾਰਟ ਵਿਚ 10% ਤੋ ਜਿਆਦਾ ਡਿਸਕਾਊਂਟ ਦੇਣ ਲਈ ਅਜੰਸੀ ਦਾ ਟੈਂਡਰ ਆਟੋਮੈਟਿਕਲੀ ਕੈਂਸਲ ਹੋ ਜਾਵੇਗਾ।ਪਾਰਟ ਬੀ ਸਬਮਰਸੀਬਲ ਸੈਟ ਆਦਿ ਦੀ ਰਿਪੇਅਰ ਅਤੇ ਇਲੈਕਟ੍ਰਿਕਲ ਮੈਨਟੀਨੈਸ ਦੇ ਨਾਲ ਨਾਲ ਪੈਨਲ ਅਤੇ ਵਾਇਰਿੰਗ ਦੀ ਮਾਇਨਰ ਰਿਪੇਅਰ ਲਈ ਗਈ ਸੀ।ਪਾਰਟ ਸੀ ਵਿਚ ਟਿਊਬਵੈਲਾਂ ਤੇ ਟਾਇਮ ਸਵਿੱਚ ਲਗਾਉਣ ਦਾ ਉਪਬੰਧ ਸੀ।ਪਾਰਟ ਬੀ ਅਤੇ ਸੀ ਵਿਚ ਕੰਟਰੈਕਟਰ ਅਜੰਸੀ ਅਪਣੀ ਮਰਜੀ ਅਨੁਸਾਰ ਰੇਟਾਂ ਤੇ ਛੂਟ ਦੇ ਸਕਦੀ ਸੀ।

ਇਸ ਕੰਮ ਦੇ ਟੈਂਡਰ ਆਉਣ ਵੇਲੇ ਤੱਕ ਸਰਕਾਰ ਨੇ ਮਿਤੀ 01-09-12 ਤੋ ਮੁੜ ਮਿਨੀਮਮ ਵੇਜਿਜ ਰਿਵਾਇਜ ਕਰ ਦਿੱਤੀਆਂ ਹਨ। ਜਿਸ ਅਨੁਸਾਰ ਰੁਪਏ 17,69,134/- ਦਾ ਸੋਧਿਆ ਤਖਮੀਨਾ ਤੁਲਨਾਤਮਕ ਸੂਚੀ ਬਣਾਉਣ ਵੇਲੇ ਤਿਆਰ ਕੀਤਾ ਗਿਆ ਹੈ।

ਉਪਰੋਕਤ ਕੰਮਾਂ ਦੇ ਟੈਂਡਰ ਮਿਤੀ 20-02-13 ਰਾਹੀਂ ਮੰਗੇ ਗਏ ਸਨ, ਪਰ ਟੈਂਡਰ ਖੋਲਣ ਉਪਰੰਤ ਜ਼ੋਨ ਨੰ: 2 ਦੇ ਕੋਈ ਵੀ ਟੈਂਡਰ ਵਸੂਲ ਨਹੀ ਹੋਏ।ਇਸ ਕੰਮ ਦੇ ਦੁਬਾਰਾ ਟੈਂਡਰ ਮਿਤੀ 11-06-13 ਰਾਹੀਂ ਮੰਗੇ ਗਏ ਸਨ। ਜਿਨਾਂ ਵਿਚ ਹੇਠ ਲਿਖੇ ਠੇਕੇਦਾਰਾਂ ਦੇ ਦੁਬਾਰਾ ਟੈਂਡਰ ਵਸੂਲ ਹੋਏ। ਟੈਂਡਰ ਖੋਲਣ ਉਪਰੰਤ ਦੋਨਾਂ ਠੇਕੇਦਾਰ ਦੇ ਰੇਟ ਬਰਾਬਰ ਦੇ ਪਾਏ ਗਏ।ਇਸ ਕੰਮ ਦੇ 2 ਟੈਂਡਰ ਵਸੂਲ ਹੋਏ ਜ਼ੋ ਹੇਠ ਲਿਖੇ ਅਨੁਸਾਰ ਹੈ:-

ਜ਼ੋਨ ਨੰ: 2 (ਪਾਰਟ-2)

| ਲੜੀ ਨੰ: | ਅਜੰਸੀ ਦਾ ਨਾਂ | ਟੈਂਡਰ ਪਾਰਟ | ਟੈਂਡਰ ਵਿਚ ਦਰਸਾਏ ਕੰਮ ਦਾ ਸੰਖੇਪ ਵੇਰਵਾ | ਟੈਂਡਰ ਰੇਟਾਂ ਵਿਚ ਪ੍ਰਾਪਤ ਛੂਟ |
|---|---|---|---|---|
| 1 | ਸ੍ਰੀ ਰਾਮ ਨਰਾਇਨ | ਏ | ਮਿਨੀਮਮ ਵੇਜਿਜ ਤੇ ਕੰਟਰੈਕਟਰ ਪ੍ਰੋਫਿਟ 10% ਵਿਚੋ ਛੂਟ | 100% |
| | | ਬੀ | ਇਲੈਕਟ੍ਰਿਕਲ ਰਿਪੇਅਰ | 100% |
| | | ਸੀ | ਟਾਇਮ ਸਵਿਚ | 100% |
| | | | | |

| | | | | |
|---|---|---|---|---|
| 2 | ਸ੍ਰੀ ਸੋਰਵ ਮਹਿਤਾ | ਏ | ਮਿਨੀਮਮ ਵੇਜਿਜ ਤੇ ਕੰਟਰੈਕਟਰ ਪ੍ਰੋਫਿਟ 10% ਵਿਚੋ ਛੂਟ | 10% |
| | | ਬੀ | ਇਲੈਕਟ੍ਰਿਕਲ ਰਿਪੇਅਰ | 100% |
| | | ਸੀ | ਟਾਇਮ ਸਵਿਚ | 100% |

ਇਹਨਾਂ ਪ੍ਰਾਪਤ ਟੈਂਡਰ ਰੇਟਾਂ ਤੋ ਇਹ ਵੀ ਸਪਸ਼ੱਟ ਹੁੰਦਾ ਹੈ ਕਿ ਇਹ ਅਜੰਸੀ ਕਰਮਚਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਅਨੈਲਸਿਜ਼ ਅਨੁਸਾਰ ਸਿਰਫ ਮਿਨੀਮਮ ਵੇਜਿਜ ਹੀ ਲਵੇਗੀ ਅਤੇ ਬਾਕੀ ਸਾਰੇ ਕੰਮ ਉਹ ਫਰੀ ਕਰੇਗੀ।ਪ੍ਰਾਪਤ ਰੇਟਾਂ ਤੋ ਇਹ ਖਦਸ਼ਾ ਸਪਸ਼ੱਟ ਹੁੰਦਾ ਹੈ ਕਿ ਇਹ ਅਜੰਸੀ ਕਰਮਚਾਰੀਆਂ ਨੂੰ ਸ਼ਾਇਦ ਪ੍ਰਵਾਨਿਤ ਮਿਨੀਮਮ ਵੇਜਿਜ ਨਾ ਦੇਵੇ ਜਾਂ ਫਿਰ ਟਿਊਬਵੈਲਾਂ ਦੇ ਰੱਖ ਰੱਖਾਵ ਦੇ ਕੰਮ ਦਾ ਹਰਜਾ ਕਰੇ।

ਸਥਾਨਕ ਸਰਕਾਰ ਦੇ ਉਪਰੋਕਤ ਪੱਤਰ ਅਤੇ ਮੁੱਖ ਇੰਜੀਨੀਅਰ ਦੀ ਰਾਏ ਅਨੁਸਾਰ ਠੇਕੇਦਾਰ ਵੱਲੋ ਕਰਮਚਾਰੀਆਂ ਨੂੰ ਬਣਦੀਆਂ ਵੇਜਿਜ ਅਕਾਉੇਂਟ ਪੇਈ ਚੈਕ (Account Payee Cheque) ਰਾਹੀਂ ਦਿੱਤੀਆਂ ਜਾਣ ਤਾਂ ਜ਼ੋ ਮਿਨੀਮਮ ਵੇਜਿਜ ਪ੍ਰੋਟੈਕਟ ਕੀਤੀਆਂ ਜਾ ਸਕਣ।

ਇਥੇ ਇਹ ਵੀ ਦੱਸਣਯੋਗ ਹੈ ਕਿ ਜ਼ੋਨ ਨੰ: 2 ਦੇ ਪਾਰਟ 1,2,3 ਦੇ ਟੈਂਡਰਾਂ ਦੇ ਰੇਟ ਬਰਾਬਰ ਹੋਣ ਕਾਰਣ ਨਿਮਨਹਸਤਾਖਰ ਵੱਲੋ ਦੋਨੋ ਠੇਕੇਦਾਰਾਂ ਨੂੰ ਦਫਤਰ ਬੁਲਾਇਆ ਗਿਆ ਅਤੇ ਦੋਨੋ ਠੇਕੇਦਾਰਾਂ ਨੇ ਅਪਣੀ ਸਹਿਮਤੀ ਵਿਚ ਲਿਖ ਕੇ ਦਿੱਤਾ ਹੈ ਕਿ ਪਾਰਟ 2 ਦਾ ਕੰਮ ਸੋਰਵ ਮਹਿਤਾ ਨੂੰ ਦੇਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿਚ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਜਿਸ ਤੇ ਵਧੀਕ ਕਮਿਸ਼ਨਰ(ਤਕਨੀਕੀ) ਨੇ ਅਪਣੇ ਹੁਕਮ ਮਿਤੀ 19-08-13 ਰਾਂਹੀ ਵਿਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫਾਰਿਸ਼ ਕੀਤੀ ਹੈ।ਮਾਨਯੋਗ ਕਮਿਸ਼ਨਰ ਸਾਹਿਬ ਜੀ ਨੇ ਅਪਣੇ ਹੁਕਮ ਮਿਤੀ 22-08-13 ਰਾਂਹੀ ਕੇਸ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਹੁਕਮਾਂ ਮਿਤੀ 27-08-13 ਰਾਂਹੀ ਇਹ ਕੇਸ ਵਿਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਤਾ ਨੰ: 445

ਵਿਸ਼ਾ:- ਕੰਨਸਟਰਕਸ਼ਨ ਆਫ ਸੀਮੇਂਟ ਕੰਕਰੀਟ ਸਟਰੀਟਸ ਆਫ ਅਸ਼ੋਕ ਵਿਹਾਰ ਨਿਅਰ ਬਾਬਾ ਮੋਹਨ ਦਾਸ ਆਸ਼ਰਮ ਵਾਰਡ ਨੰ: 1 (ਟੈਂਡਰ ਪ੍ਰਵਾਨਗੀ ਹਿੱਤ) ।

ਤਮਖੀਨਾ ਰੁ: 74,99,000/-
ਸੋਧਿਆ ਤਖਮੀਨਾ ਰੁ: 74,98,633/-
ਟੈਂਡਰ ਅਮਾਊਂਟ ਰੁ: 58,74,430/-
ਸੇਵਿੰਗ :21.66%

ਪੜਿਆ ਨੋਟ ਸਹਾਇਕ ਕਮਿਸ਼ਨਰ (ਤਕਨੀਕੀ)-ਬੀ ਐਂਡ ਆਰ ਮਿਤੀ 22.8.2013 ਕਿ ਉਪਰੋਕਤ ਕੰਮ ਦਾ ਤਖਮੀਨਾ ਰੁ:74.99 ਲੱਖ ਦਾ ਨਗਰ ਨਿਗਮ, ਜਲੰਧਰ ਵੱਲੋਂ ਤਿਆਰ ਕੀਤਾ ਗਿਆ। ਜਿਸ ਨੂੰ ਤਕਨੀਕੀ ਸਲਾਹਕਾਰ ਮੁੱਖ ਮੰਤਰੀ ਪੰਜਾਬ ਨੇ ਮੀਮੋ ਨੰ: ਏ.ਟੀ.ਪੀ.ਬੀ./272/ਐਮ.ਸੀ. ਮਿਤੀ 26-10-2012 ਰਾਹੀ ਵੈੱਟ ਕੀਤਾ ਗਿਆ। ਜਿਸ ਨੂੰ ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 01-11-2012 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪਾਸ ਕੀਤਾ। ਜਿਸ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 36(9) ਮਿਤੀ 17-12-2012 ਰਾਹੀਂ ਦਿੱਤੀ ਹੈ। ਇਸ ਕੰਮ ਦੇ ਈ-ਟੈਂਡਰ ਮਿਤੀ 23-11-12 ਰਾਹੀਂ ਮੰਗੇ ਗਏ। ਟੈਂਡਰ ਖੋਲਣ ਦੇ ਸਮੇਂ ਵੱਖ-2 ਠੇਕੇਦਾਰਾਂ ਵੱਲੋਂ ਇਤਰਾਜ ਕੀਤੇ ਗਏ। ਉੱਚ ਅਧਿਕਾਰੀਆਂ ਦੁਆਰਾ ਸਾਰੇ ਇਤਰਾਜ ਸੁਣਨ ਤੋ ਬਾਅਦ ਇਹ ਫੈਸਲਾ ਲਿਆ ਗਿਆ ਕਿ ਸਾਰੇ ਟੈਂਡਰ ਖੋਲ ਦਿੱਤੇ ਜਾਣ ਅਤੇ ਚੈਕ ਲਿਸਟ ਤਿਆਰ ਕੀਤੀ ਜਾਵੇ। ਇਸ ਕੰਮ ਦੇ ਟੈਂਡਰ ਮਿਤੀ 03-12-2012 ਨੂੰ ਖੋਲੇ ਗਏ। ਇਸ ਕੰਮ ਦੇ 2 ਟੈਂਡਰ ਪ੍ਰਾਪਤ ਹੋਏ ਹਨ। ਤੁਲਾਤਮਿਕ ਸੂਚੀ ਅਨੁਸਾਰ ਮੈਸਰਜ਼ ਸੇਠੀ ਇੰਟਰਪ੍ਰਾਈਜਜ ਠੇਕੇਦਾਰ ਫਰਮ ਦੇ ਰੇਟ ਸਭ ਤੋ ਘੱਟ ਪਾਏ ਗਏ ਸਨ। ਮੈਸਰਜ਼ ਸੇਠੀ ਇੰਟਰਪ੍ਰਾਈਜਜ ਠੇਕੇਦਾਰ ਵੱਲੋਂ ਇਹ ਕੰਮ ਸੋਧਿਆ ਤਖਮੀਨਾ ਰੁ: 74,98,633/- ਦੀ ਥਾਂ ਤੇ ਰੁ: 58,74,430/- ਵਿੱਚ ਕੀਤਾ ਜਾਣਾ ਹੈ। ਜਿਸ ਨਾਲ ਸੇਵਿੰਗ 21.66% ਬਣਦੀ ਹੈ।

**ਇੱਥੇ ਇਹ ਦੱਸਣ ਯੋਗ ਹੈ ਕਿ ਬਣਾਈ ਗਈ ਚੈਕ ਲਿਸਟ ਮੁਤਾਬਿਕ ਮੈਸਰਜ਼ ਸੇਠੀ ਇੰਟਰਪ੍ਰਾਈਜਜ ਇਸ ਕੰਮ ਨਾਲ ਲਗਾਈ ਗਈ ਅਰਨਸਟਮਨੀ ਰੁ: 1,45,000/- ਹੈ ਜ਼ੋ ਕਿ ਨਗਰ ਨਿਗਮ ਵੱਲੋਂ ਗਲਤੀ ਨਾਲ ਬੀ.ਓ.ਕਯੂ. ਵਿੱਚ ਦਰਸਾਈ ਗਈ ਅਰਨਸਟਮਨੀ ਰੁ: 1,44,980/- ਮੁਤਾਬਿਕ ਠੀਕ ਹੈ ਪਰ ਰੂਲਾਂ ਮੁਤਾਬਿਕ ਇਸ ਕੰਮ ਲਈ ਅਰਨਸਟਮਨੀ 2% ਮੁਤਾਬਿਕ ਰੁ: 4,980/- ਘੱਟ ਹੈ।**

ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਤਾ ਨੰ: 31 ਮਿਤੀ 04-01-2013 ਰਾਹੀਂ ਵਿਸ਼ੇ ਅਧੀਨ ਕੰਮ ਦੇ ਟੈਂਡਰਾ ਸਬੰਧੀ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਸੀ :-

**ਫੈਸਲਾ:**

ਵਿਚਾਰਣ ਉਪਰੰਤ ਫੈਸਲਾ ਹੋਇਆ ਹੈ ਕਿ ਇਸ ਕੇਸ ਵਿੱਚ ਕਲੈਰੀਕਲ ਗਲਤੀ ਹੋਈ ਦਰਸਾਈ ਗਈ ਹੈ, ਉਹ ਹੋਣ ਨਾਲ ਨਿਯਮਾਂ ਦੀ ਉਲੰਘਣਾ ਹੁੰਦੀ ਹੈ। ਇਸ ਲਈ ਇਸ ਕੇਸ ਨੂੰ ਸਰਕਾਰ ਕੋਲ ਅਗਵਾਹੀ ਲਈ ਭੇਜ਼ ਦਿੱਤਾ ਜਾਵੇ। ਸਰਕਾਰ ਤੋ ਅਗਵਾਹੀ ਪ੍ਰਾਪਤ ਹੋਣ ਉਪਰੰਤ ਹੀ ਇਸ ਕੇਸ ਤੇ ਅਗਲੇਰੀ ਕਾਰਵਾਈ ਕੀਤੀ ਜਾਵੇ। ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਇਸ ਮਾਮਲੇ ਸਬੰਧੀ ਸਰਕਾਰ ਨਾਲ ਵੱਖਰੇ ਤੌਰ ਤੇ ਪੱਤਰ ਵਿਹਾਰ ਕਰਨ।

ਸਹੀ/-ਸੁਨੀਲ ਜਯੋਤੀ
ਮੇਅਰ,
04.01.13

ਉਪਰੋਕਤ ਮਤੇ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਆਪਣੇ ਮੀਮੋ ਨੰ: 6/2/2013-4ਸਸ1/714 ਮਿਤੀ 14-02-2013 ਰਾਹੀਂ ਪ੍ਰੇਖਣ ਕੀਤਾ ਗਿਆ ਕਿ, **"ਇਸ ਬਾਰੇ ਸਵੈ-ਸਪੱਸ਼ਟ ਤਜਵੀਜ ਦਸਤਾਵੇਜਾਂ ਸਹਿਤ ਸਰਕਾਰ ਦੇ ਵਿਚਾਰ ਹਿੱਤ ਭੇਜੀ ਜਾਵੇ"**। ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਇਸ ਦਫਤਰ ਦੇ ਪੱਤਰ ਨੰ: Addl.C.T(B&R)/497 ਮਿਤੀ 29-04-2013 ਰਾਹੀਂ ਇਸ ਮਤੇ ਸਬੰਧੀ ਸਵੈ-ਸਪੱਸ਼ਟ ਤਜਵੀਜ ਦਸਤਾਵੇਜ਼ਾਂ ਸਹਿਤ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜੀ ਗਈ ਸੀ। ਇਸ ਉਪਰੰਤ ਇਹ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 13.06.2013 ਵਿੱਚ ਮਤਾ ਨੰ: 364 ਰਾਹੀਂ ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਠੇਕੇਦਾਰ/ਵੱਲੋਂ ਘੱਟ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਰੁ:5000/- ਨਗਰ ਨਿਗਮ ਦੇ ਫੰਡਾਂ ਵਿੱਚ ਜਮ੍ਹਾਂ ਕਰਵਾਉਣ ਦੀ ਮੰਜ਼ੂਰੀ ਦਿੱਤੀ ਜਾਂਦੀ ਹੈ ਅਤੇ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ। ਇਹ ਮਤਾ ਸਰਕਾਰ ਨੂੰ ਇਸ ਦਫਤਰ ਦੇ ਪੱਤਰ ਨੰ: 438/ਅਜੰਡਾ/ਗੋ ਮਿਤੀ: 14.06.13 ਰਾਹੀਂ ਪ੍ਰਵਾਨਗੀ ਹਿੱਤ ਭੇਜਿਆ ਗਿਆ ਸੀ। ਹੁਣ ਸਰਕਾਰ ਦੇ ਪੱਤਰ ਨੰ: 06/2/2013/4ਸਸ1/1916 ਮਿਤੀ: 25.06.13 ਰਾਹੀਂ ਪਹਿਲਾ ਪ੍ਰਵਾਨਿਤ ਮਤਾ ਨੰ:31 ਮਿਤੀ: 04.01.13 ਰੱਦ ਕੀਤਾ ਗਿਆ ਹੈ ਅਤੇ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਇਹ ਮਤਾ ਦੁਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਕਰਕੇ ਸਰਕਾਰ ਦੀ ਪ੍ਰਵਾਨਗੀ ਹਿੱਤ ਭੇਜਿਆ ਜਾਵੇ। ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਪੇਸ਼ ਹੈ।ਵਧੀਕ ਕਮਿਸ਼ਨਰ(ਤਕਨੀਕੀ) ਬੀ ਐਂਡ ਆਰ ਨੇ ਮਿਤੀ 26.8.2013 ਰਾਹੀਂ ਇਸ ਮਾਮਲੇ ਨੂੰ ਮੁੜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਸਿਫਾਰਸ਼ ਕੀਤੀ ਹੈ ਜਿਸ ਤੇ ਕਮਿਸ਼ਨਰ ਜੀ ਨੇ ਮਿਤੀ 28.8.2013 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮੇਅਰ ਜੀ ਦੇ ਆਦੇਸ਼ ਮਿਤੀ 28.8.2013 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ ।

ਮਤਾ ਨੰ: 446

ਵਿਸ਼ਾ:- ਕੰਨਸਟਰਕਸ਼ਨ ਆਫ ਰੋਡ ਐਟ ਟੀਆਰ ਜੀ ਗਰਾਊਂਡ ਇੰਨ ਸਾਈਡ ਪੀ.ਏ.ਪੀ. ਕੰਪਲੈਕਸ ਜਲੰਧਰ-ਵਿਦਹੈਲਡ ਰਾਸ਼ੀ ਰਲੀਜ ਕਰਨ ਲਈ 25% ਤੱਕ ਵਾਧੇ ਦਾ ਸੋਧਿਆ ਹੋਇਆ ਤਖਮੀਨਾ ਪ੍ਰਵਾਨ ਕਰਨ ਬਾਰੇ।

ਪੜਿਆ ਨੋਟ ਸਹਾਇਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਮਿਤੀ 02-08-2013 ਜਿਸ ਰਾਹੀਂ ਦੱਸਿਆ ਗਿਆ ਹੈ ਕਿ ਵਿਸ਼ੇ ਅਧੀਨ ਕੰਮ ਸ਼ਹਿਰ ਦੀਆਂ ਮੁੱਖ ਸੜ੍ਹਕਾਂ ਦੇ ਗਰੁੱਪ-ਬੀ ਦੇ ਕੰਮਾਂ ਦੇ ਨਾਲ ਇਸ ਦਫਤਰ ਵੱਲੋਂ ਵਰਕ ਆਰਡਰ ਨੰ: ਸੀ.ਈ.-11/2 ਮਿਤੀ 09-07-2010 ਰਾਹੀਂ ਮੈਸਰਜ਼ ਪੀ.ਪੀ.ਇੰਟਰਪ੍ਰਾਈਜ਼ਜ਼, ਜਲੰਧਰ ਨੂੰ ਅਲਾਟ ਕੀਤਾ ਗਿਆ ਸੀ ਅਤੇ ਕੰਮ ਨੂੰ ਮੁਕੰਮਲ ਕਰਨ ਲਈ 6 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਫਰਮ ਵੱਲੋਂ ਆਪਣੀ ਪ੍ਰਤੀ ਬੇਨਤੀ ਮਿਤੀ 27-12-2011 ਰਾਹੀਂ ਲਿਖਿਆ ਕਿ ਇਸ ਕੰਮ ਦਾ ਵਰਕ ਆਰਡਰ ਜਾਰੀ ਹੋਣ ਉਪਰੰਤ, ਉਨ੍ਹਾਂ ਵੱਲੋ ਗਰੁੱਪ-ਬੀ ਦੇ ਕੰਮ ਫੌਰੀ ਤੌਰ ਤੇ ਸ਼ੁਰੂ ਕਰ ਦਿੱਤੇ ਗਏ ਸਨ, ਪ੍ਰੰਤੂ ਬਾਰਸ਼ਾ ਦਾ ਸੀਜਨ ਸ਼ੁਰੂ ਹੋ ਜਾਣ ਨਾਲ ਇਹ ਕੰਮ ਸਬੰਧਤ ਅਧਿਕਾਰੀਆਂ ਵੱਲੋ ਬੰਦ ਕਰਵਾ ਦਿੱਤਾ ਗਿਆ ਸੀ, ਇਸ ਲਈ ਗਰੁੱਪ-ਬੀ ਦੇ ਬਕਾਇਆ ਕੰਮਾਂ ਨੂੰ ਮੁਕੰਮਲ ਕਰਨ ਲਈ ਕਮਿਸ਼ਨਰ ਜੀ ਦੇ ਹੁਕਮ ਮਿਤੀ 02-08-2011 ਰਾਹੀਂ ਕੰਮ ਦੀ ਮਿਆਦ ਵਿੱਚ ਮਿਤੀ 31-10-2011 ਤੱਕ ਦਾ ਵਾਧਾ ਕੀਤਾ ਗਿਆ ਸੀ। ਇਸ ਉਪਰੰਤ ਗਰੁੱਪ-ਬੀ ਨਾਲ ਸਬੰਧਤ ਕੁਝ ਕੰਮ ਵਧਾਈ ਗਈ ਮਿਆਦ ਅੰਦਰ ਵੀ ਮੁਕੰਮਲ ਨਹੀ ਹੋ ਸਕੇ ਸਨ, ਜਿਸ ਸਬੰਧੀ ਸਹਾਇਕ ਕਮਿਸ਼ਨਰ-ਤਕਨੀਕੀ ਵੱਲੋ ਆਪਣੀ ਦਫਤਰੀ ਰਿਪੋਰਟ ਮਿਤੀ 17-01-2012 ਰਾਹੀਂ ਬਾਕੀ ਰਹਿੰਦੇ ਕੰਮ (ਵਿਸ਼ੇ ਅਧੀਨ ਕੰਮ ਸਮੇਤ) ਮੁਕੰਮਲ ਕਰਨ ਲਈ ਕੰਮਾਂ ਦੀ ਮਿਆਦ ਵਿੱਚ 30-05-2012 ਤੱਕ ਦਾ ਵਾਧਾ ਕਰਨ ਦੀ ਸ਼ਿਫਾਰਸ਼ ਕੀਤੀ ਗਈ ਸੀ, ਜਿਸ ਨਾਲ ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਵੱਲੋ ਸਹਿਮਤੀ ਪ੍ਰਗਟ ਕੀਤੀ ਗਈ ਸੀ ਅਤੇ ਕਮਿਸ਼ਨਰ ਜੀ ਵੱਲੋ ਆਪਣੇ ਹੁਕਮ ਮਿਤੀ 22-01-2012 ਰਾਹੀਂ ਗਰੁੱਪ-ਬੀ ਦੇ ਬਾਕੀ ਰਹਿੰਦੇ ਕੰਮਾਂ (ਵਿਸ਼ੇ ਅਧੀਨ ਕੰਮ ਸਮੇਤ) ਤੇ ਸਮੇਂ ਦੀ ਮਿਆਦ ਵਿੱਚ 30-05-2012 ਤੱਕ ਦਾ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

ਇਸ ਉਪਰੰਤ ਠੇਕੇਦਾਰ ਫਰਮ ਵੱਲੋਂ ਇਹ ਕੰਮ ਮੌਕੇ ਉੱਪਰ ਮੁਕੰਮਲ ਕਰ ਦਿੱਤਾ ਗਿਆ ਸੀ, ਪ੍ਰੰਤੂ ਇਸ ਕੰਮ ਦੇ ਪਹਿਲੇ ਅਤੇ ਅੰਤਿਮ ਬਿੱਲ ਦੀ ਅਦਾਇਗੀ ਕਰਦੇ ਸਮੇਂ ਲੇਖਾ ਸ਼ਾਖਾ ਵੱਲੋ ਰੁ: 4,57,283/- ਦੀ ਰਾਸ਼ੀ ਵਿਦਹੈਲਡ ਕਰ ਦਿੱਤੀ ਗਈ ਸੀ। ਠੇਕੇਦਾਰ ਫਰਮ ਵੱਲੋ ਇਸ ਵਿਦਹੈਲਡ ਰਾਸ਼ੀ ਨੂੰ ਰਲੀਜ ਕਰਨ ਸਬੰਧੀ ਆਪਣੀ ਪ੍ਰਤੀ ਬੇਨਤੀ ਮਿਤੀ 10-06-2013 ਰਾਹੀਂ ਬੇਨਤੀ ਕੀਤੀ ਕਿ ਕਿਉਂ ਜ਼ੋ ਇਸ ਕੰਮ ਦੀ ਅਸਲ ਫਾਈਲ ਦਫਤਰ ਵਿੱਚ ਕਾਫੀ ਭਾਲ ਕਰਨ ਦੇ ਬਾਵਜੂਦ ਨਹੀਂ ਮਿਲ ਰਹੀ, ਇਸ ਲਈ ਇਸ ਕੰਮ ਦੀ ਡੁਪਲੀਕੇਟ ਫਾਈਲ ਤਿਆਰ ਕਰਵਾ ਕੇ, ਉਸਨੂੰ ਉਸਦੀ ਬਣਦੀ ਅਦਾਇਗੀ ਕੀਤੀ ਜਾਵੇ।

ਇੱਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਠੇਕੇਦਾਰ ਫਰਮ ਵੱਲੋਂ ਇਸ ਵਿਦਹੈਲਡ ਰਾਸ਼ੀ ਨੂੰ ਰਲੀਜ ਕਰਨ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਰਿੱਟ ਦਾਇਰ ਕੀਤੀ ਸੀ, ਜਿਸ ਦਾ ਫੈਸਲਾ ਕਰਦੇ ਸਮੇਂ ਮਾਨਯੋਗ ਹਾਈਕੋਰਟ ਵੱਲੋਂ ਆਪਣੇ ਹੁਕਮ ਮਿਤੀ 30-04-2013 ਰਾਹੀਂ ਇਸ ਰਾਸ਼ੀ ਦੀ ਅਦਾਇਗੀ ਮਿਤੀ 30-06-2013 ਤੋ ਪਹਿਲਾਂ-2 ਕਰਨ ਦੇ ਹੁਕਮ ਕੀਤੇ ਸਨ। ਠੇਕੇਦਾਰ ਫਰਮ ਦੀ ਪ੍ਰਤੀ ਬੇਨਤੀ ਦੇ ਸਨਮੁੱਖ ਇਸ ਕੰਮ ਦੀ ਅਸਲ ਫਾਈਲ ਟਰੇਸ ਕਰਵਾਉਣ ਸਬੰਧੀ ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਵੱਲੋ ਆਪਣੇ ਹੁਕਮ ਮਿਤੀ 13-06-2013 ਰਾਹੀਂ ਸਮੂਹ ਬ੍ਰਾਂਚਾ ਦੇ ਮੁੱਖੀਆਂ ਨੂੰ ਇੱਕ ਸਰਕੂਲਰ ਜਾਰੀ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਜਿਸ ਦੇ ਸਨਮੁੱਖ, ਪੱਤਰ ਨੰ:Addl.C.(T)/B&R/558 ਮਿਤੀ 13-06-2013 ਰਾਹੀਂ ਨਗਰ ਨਿਗਮ, ਜਲੰਧਰ ਦੀਆਂ ਸਮੂਹ ਬ੍ਰਾਂਚਾ ਨੂੰ ਸਰਕੂਲਰ ਭੇਜ਼ ਕੇ ਬੇਨਤੀ ਕੀਤੀ ਗਈ ਸੀ, ਪ੍ਰੰਤੂ ਇਸ ਸਬੰਧ ਵਿੱਚ ਪ੍ਰਾਪਤ ਰਿਪੋਰਟਾਂ ਅਨੁਸਾਰ ਵਿਸ਼ੇ ਤਹਿਤ ਕੰਮ ਦੀ ਫਾਈਲ ਟਰੇਸ ਨਹੀਂ ਹੋਈ ਸੀ । ਠੇਕੇਦਾਰ ਫਰਮ ਨੂੰ ਦਫਤਰ ਵਿੱਚ ਮੌਜੂਦ ਟੈਂਡਰ ਰਜਿਸਟਰ, ਵਰਕ ਆਰਡਰ ਰਜਿਸਟਰ ਅਤੇ ਜੀ-33 ਰਜਿਸਟਰਾਂ ਨੂੰ ਅਧਾਰ ਮੰਨ ਕੇ ਡੁਪਲੀਕੇਟ ਫਾਈਲ ਤਿਆਰ ਕਰਕੇ ਇਹ ਵਿਦਹੈਲਡ ਰਾਸ਼ੀ ਦੀ ਅਦਾਇਗੀ ਕਰਨ ਲਈ ਕਮਿਸ਼ਨਰ ਜੀ ਵੱਲੋ ਆਪਣੇ ਹੁਕਮ ਮਿਤੀ 29-7-2013 ਰਾਹੀਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ, ਪ੍ਰੰਤੂ ਕਿਉ ਜ਼ੋ ਇਹ ਵਿਦਹੈਲਡ ਰਾਸ਼ੀ ਰੁ: 4,57,283/- ਪ੍ਰਵਾਨਿਤ ਟੈਂਡਰ ਰਾਸ਼ੀ ਰੁ: 36.54 ਲੱਖ ਤੋ ਵੱਧ ਦੀ ਹੋਣ ਕਾਰਨ ਲੇਖਾ/ਆਡਿਟ ਸ਼ਾਖਾ ਵੱਲੋ ਬਿੱਲ ਵਿੱਚੋਂ ਵਿਦਹੈਲਡ ਕੀਤੀ ਗਈ ਸੀ, ਸੋ ਇਸ ਵਿਦਹੈਲਡ ਰਾਸ਼ੀ ਨੂੰ ਰਲੀਜ ਕਰਨ ਲਈ ਇਸ ਕੰਮ ਦੇ ਅਸਲ ਤਖਮੀਨੇ ਦੀ ਰਾਸ਼ੀ ਰੁ: 36.54 ਲੱਖ ਨੂੰ 25% ਤੱਕ ਵਧਾ ਕੇ ਸੋਧਿਆ ਹੋਇਆ ਤਖਮੀਨਾ ਰੁ: 43,43,848/- ਤੱਕ ਦਾ ਪ੍ਰਵਾਨ ਕਰਨਾ ਲੋੜੀਂਦਾ ਹੈ। ਅਜਿਹੇ ਸੋਧੇ ਹੋਏ ਤਖਮੀਨੇ ਨੂੰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਸਮਰੱਥ ਅਥਾਰਟੀ ਹੈ।

ਉਪਰੋਕਤ ਦੇ ਸਨਮੁੱਖ, ਇਸ ਕੰਮ ਦੇ ਅਸਲ ਤਖਮੀਨੇ ਰੁ: 36.54 ਲੱਖ ਨੂੰ ਰੁ: 43,43,848/- ਤੱਕ ਦੇ ਸੋਧੇ ਹੋਏ ਤਖਮੀਨੇ ਨੂੰ ਪ੍ਰਵਾਨ ਕਰਨ ਲਈ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਪਾਸ ਪ੍ਰਵਾਨਗੀ ਹਿੱਤ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਅਤੇ ਇਹ ਵੀ ਲਿਖਿਆ ਕਿ ਕਿਉ ਜ਼ੋ ਠੇਕੇਦਾਰ ਫਰਮ ਮੈਸਰਜ ਪੀ.ਪੀ. ਇੰਟਰਪ੍ਰਾਈਜਜ ਜਲੰਧਰ ਵੱਲੋ ਇਸ ਵਿਦਹੈਲਡ ਰਾਸ਼ੀ ਦੀ ਅਦਾਇਗੀ ਸਬੰਧੀ ਮਾਨਯੋਗ ਹਾਈਕੋਰਟ, ਚੰਡੀਗੜ੍ਹ ਵਿਖੇ ਕੰਨਟੈਂਪਟ ਆਫ ਕੋਰਟ ਦੀ ਪਟੀਸ਼ਨ ਦਾਇਰ ਕੀਤੀ ਹੋਈ ਹੈ, ਇਸ ਲਈ ਜੇਕਰ ਉੱਚ ਅਧਿਕਾਰੀ ਯੋਗ ਸਮਝਣ ਤਾਂ ਇਸ ਕੰਮ ਦੇ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕਰਨ ਲਈ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਜਾਵੇ, ਤਾਂ ਜ਼ੋ ਠੇਕੇਦਾਰ ਅਜੰਸੀ ਦੀ ਅਦਾਇਗੀ ਮਾਨਯੋਗ ਹਾਈਕੋਰਟ ਚੰਡੀਗੜ੍ਹ ਵਿਖੇ ਇਸ ਕੇਸ ਦੀ ਸੁਣਵਾਈ ਦੀ ਅਗਲੀ ਮਿਤੀ 07-08-2013 ਤੋ ਪਹਿਲਾਂ ਕੀਤੀ ਜਾ ਸਕੇ।ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਵੱਲੋ ਆਪਣੀ ਦਫਤਰੀ ਰਿਪੋਰਟ ਮਿਤੀ 02-08-2013 ਰਾਹੀਂ ਉਪਰੋਕਤ ਤਜਵੀਜ ਸਬੰਧੀ ਸਹਿਮਤੀ ਪ੍ਰਗਟਾਈ ਗਈ। ਕਮਿਸ਼ਨਰ

ਜੀ ਨੇ ਆਪਣੇ ਹੁਕਮ ਮਿਤੀ 12-08-2013 ਰਾਹੀਂ ਲਿਖਿਆ ਕਿ ਇਹ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਦੇ ਹੋਏ ਫੈਸਲਾ ਲੈਣਾ ਯੋਗ ਹੋਵੇਗਾ।

ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 13-08-2013 ਰਾਹੀਂ ਇਸ ਮਾਮਲੇ ਸਬੰਧੀ ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਜੀ ਨੂੰ ਆਪਣੀ ਟਿੱਪਣੀ ਦੇਣ ਦੇ ਆਦੇਸ਼ ਦਿੱਤੇ ਗਏ।

ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਵੱਲੋ ਆਪਣੀ ਦਫਤਰੀ ਰਿਪੋਰਟ ਮਿਤੀ 19-08-2013 ਰਾਹੀਂ ਲਿਖਿਆ ਕਿ ਇਸ ਕੇਸ ਵਿੱਚ ਜੋ ਪਹਿਲਾਂ ਇਸ ਕੰਮ ਦੀ ਅਦਾਇਗੀ ਠੇਕੇਦਾਰ ਵੱਲੋ ਵਸੂਲ ਕੀਤੀ ਗਈ ਹੈ ਉਹ under protest ਪ੍ਰਾਪਤ ਕੀਤੀ ਗਈ ਹੈ। ਇਸ ਲਈ ਇਸ ਦੀ ਅਸਲ ਮਿਸਲ ਦਾ ਹੋਣਾ ਲਾਜਮੀ ਹੈ। ਇਸ ਤੋ ਇਲਾਵਾ ਜੇਕਰ ਵਿੱਤ ਅਤੇ ਠੇਕਾ ਕਮੇਟੀ ਵੱਲੋ ਵਿਚਾਰ ਕਰਣਯੋਗ ਹੋਵੇ ਤਾਂ ਇਸ ਦਾ ਸੋਧਿਆ ਹੋਇਆ ਤਖਮੀਨਾ ਨਿਸ਼ਚਿਤ form MW-1A ਤੇ ਤਿਆਰ ਕਰਨ ਹਿੱਤ ਇੰਜੀਨਿਅਰਿੰਗ ਸ਼ਾਖਾ ਨੂੰ ਕਿਹਾ ਜਾਵੇ ਜੀ ਅਤੇ ਇੰਜੀਨਿਅਰਿੰਗ ਸ਼ਾਖਾ ਇਹ ਵੀ ਤਸਦੀਕ ਕਰ ਦੇਵੇ ਕਿ ਲੁਕ ਦੀ ਕੀਮਤ ਦਾ ਫਰਕ ਐਨ.ਆਈ.ਟੀ. ਅਤੇ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵੱਲੋ ਲਏ ਫੈਸਲੇ ਅਨੁਸਾਰ ਦੇਣ ਯੋਗ ਹੈ ਜੀ।

ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਜੀ ਵੱਲੋ ਕੀਤੇ ਪ੍ਰੇਖਣ ਸਬੰਧੀ ਸਹਾਇਕ ਕਮਿਸ਼ਨਰ-ਤਕਨੀਕੀ (ਬੀ ਐਡ ਆਰ) ਵੱਲੋ ਸਪੱਸ਼ਟੀਕਰਨ ਦਿੱਤਾ ਗਿਆ ਕਿ ਠੇਕੇਦਾਰ ਫਰਮ ਵੱਲੋ ਆਪਣੀ ਲਿਖਤੀ ਅੰਡਰਟੇਕਿੰਗ ਮਿਤੀ 22-08-2013 ਰਾਹੀ ਅੰਡਰ ਪ੍ਰੋਟੈਸਟ ਦੀ ਕੰਡੀਸ਼ਨ ਵਾਪਸ ਲੈ ਲਿੱਤੀ ਹੈ। ਜਿੱਥੋ ਤੱਕ ਲੁੱਕ ਦੇ ਰੇਟਾਂ ਦੇ ਫਰਕ ਦੀ ਅਦਾਇਗੀ ਦਾ ਸਬੰਧ ਹੈ, ਸਬੰਧੀ ਦੱਸਿਆ ਜਾਂਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਵੱਲੋ ਇਹ ਫੈਸਲਾ ਕੀਤਾ ਗਿਆ ਸੀ ਕਿ ਜਿਸ ਕੇਸ ਵਿੱਚ ਮਹਿਕਮੇ ਵੱਲੋ ਕਿਸੇ ਕਾਰਨ ਕੰਮ ਨੂੰ ਮੁਕੰਮਲ ਕਰਨ ਵਿੱਚ ਦੇਰੀ ਹੁੰਦੀ ਹੈ ਅਤੇ ਕੰਮ ਦੀ ਮਿਆਦ ਵਿੱਚ ਵਾਧੇ ਦੀ ਮੰਜੂਰੀ ਦਿੱਤੀ ਜਾਂਦੀ ਹੈ, ਉਸ ਕੇਸ ਵਿੱਚ ਕੰਮ ਕਰਨ ਦੀ ਮਿਤੀ ਨੂੰ ਜੋ ਲੁੱਕ ਦੇ ਰੇਟ ਮਾਰਕੀਟ ਵਿੱਚ ਹੋਣਗੇ, ਉਸ ਰੇਟ ਨਾਲ ਲੁੱਕ ਦੇ ਫਰਕ ਦੀ ਅਦਾਇਗੀ ਠੇਕੇਦਾਰ ਫਰਮ ਨੂੰ ਦੇਣ ਯੋਗ ਹੋਵੇਗੀ। ਇਹ ਕੰਮ ਗਰੁੱਪ-ਬੀ ਦੇ ਕੰਮਾਂ ਨਾਲ ਅਲਾਟ ਕੀਤਾ ਗਿਆ ਸੀ ਅਤੇ ਇਨ੍ਹਾਂ ਕੰਮਾਂ ਦੀ ਐਨ.ਆਈ.ਟੀ ਮੁਤਾਬਿਕ ਲੁੱਕ ਦੇ ਰੇਟਾਂ ਦਾ ਫਰਕ, ਕੰਮ ਮੁਕੰਮਲ ਕਰਨ ਦੀ ਮਿਤੀ ਨੂੰ ਮਾਰਕੀਟ ਰੇਟ ਅਨੁਸਾਰ ਦੇਣਾ ਬਣਦਾ ਹੈ। ਇਸ ਲਈ ਫਰਮ ਦੇ ਬਿੱਲ ਵਿੱਚੋ ਵਿਦਹੈਲਡ ਕੀਤੀ ਰਾਸ਼ੀ ਰਲੀਜ ਕਰਨ ਲਈ ਇਸ ਕੰਮ ਦੇ ਅਸਲ ਤਖਮੀਨੇ ਰੁ: 36.54 ਲੱਖ ਨੂੰ ਸੋਧ ਕੇ ਰੁ: 43,43,848/- ਤੱਕ ਦਾ ਪ੍ਰਵਾਨ ਕਰਨ ਲਈ, ਜੋ ਕਿ 25% ਤੱਕ ਦੇ ਵਾਧੇ ਦੇ ਅੰਦਰ-2 ਦਾ ਹੀ ਹੈ, ਸਬੰਧੀ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ।

ਸਹਾਇਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਦੀ ਦਫਤਰੀ ਰਿਪੋਰਟ ਮਿਤੀ 22-08-2013 ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਵੱਲੋਂ ਇਸ ਮਾਮਲੇ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਯੋਗ ਫੈਸਲਾ ਲੈਣ ਹਿੱਤ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਗਈ।

ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 22-08-2013 ਰਾਹੀਂ ਉਪਰੋਕਤ ਤਜਵੀਜ ਨਾਲ ਸਹਿਮਤੀ ਪ੍ਰਗਟ ਕੀਤੀ।

ਮਾਮਲਾ ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 22-08-2013 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਯੋਗ ਫੈਸਲਾ ਲੈਣ ਹਿੱਤ ਪੇਸ਼ ਹੈ ਜੀ।